# ਪ੍ਰੈਸ ਨੋਟ

ਸ੍ਰੀ ਨਵਨੀਤ ਸਿੰਘ ਬੈਂਸ ਆਈ.ਪੀ.ਐਸ./ਐਸ.ਐਸ.ਪੀ. ਜਿਲ੍ਹਾ ਲੁਧਿਆਣਾ (ਦਿਹਾਤੀ) ਜੀ ਵੱਲੋਂ ਜਾਰੀ ਨਿਰਦੇਸਾਂ ਪਰ, ਸ੍ਰੀ ਹਰਿੰਦਰਪਾਲ ਸਿੰਘ ਪਰਮਾਰ ਐਸ.ਪੀ.(ਡੀ) ਤੇ ਸ੍ਰੀ ਸਤਵਿੰਦਰ ਸਿੰਘ ਵਿਰਕ ਡੀ.ਐਸ.ਪੀ.(ਜਗਰਾਉਂ) ਦੀ ਨਿਗਰਾਨੀ ਹੇਠ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ SI ਅਮਰਜੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਜਗਰਾਉਂ ਦੀ ਅਗਵਾਈ ਵਾਲੀ ਪੁਲੀਸ ਪਾਰਟੀ ਏ.ਐਸ.ਆਈ. ਸੁਖਮੰਦਰ ਸਿੰਘ ਇੰਚਾਰਜ ਚੌਕੀ ਚੌਕੀਮਾਨ ਪਾਸ ਹੋਈ ਮੁਖਬਰੀ ਦੇ ਅਧਾਰ ਤੇ ਮੁਕੱਦਮਾ ਨੰਬਰ 104 ਮਿਤੀ 22.06.23 ਅ/ਧ 379 IPC ਭ/ਦ ਥਾਣਾ ਸਦਰ ਜਗਰਾਉਂ ਬਰਖਿਲਾਫ ਧਰਮਪ੍ਰੀਤ ਸਿੰਘ ਉਰਫ ਠੋਲੂ ਪੁੱਤਰ ਜਗਸੀਰ ਸਿੰਘ ਵਾਸੀ ਕੋਠੇ ਹਰੀ ਸਿੰਘ ਥਾਣਾ ਸਿਟੀ ਜਗਰਾਉਂ, ਜਿਲ੍ਹਾ ਲੁਧਿਆਣਾ ਦਰਜ ਰਜਿਸਟਰ ਕੀਤਾ ਗਿਆਂ ਸੀ, ਦੌਰਾਨੇ ਤਫਤੀਸ ਅੱਜ ਪੁਲੀਸ ਪਾਰਟੀ ਵੱਲੋਂ ਕਾਰਵਾਈ ਅਮਲ ਵਿੱਚ ਲਿਆਉਦੇ ਹੋਏ ਪਿੰਡ ਸੋਹੀਆ ਤੋਂ ਪਿੰਡ ਚੌਕੀਮਾਨ ਨੂੰ ਜਾਦੀ ਪੱਕੀ ਸੜਕ ਪਰ ਮੁਖਬਰੀ ਦੇ ਅਧਾਰ ਤੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਪਿੰਡ ਸੋਹੀਆ ਵੱਲੋਂ ਦੋ ਮੋਟਰ ਸਾਈਕਲਾ ਤੇ ਸਵਾਰ ਤਿੰਨ ਵਿਅਕਤੀ ਆਉਦੇ ਦਿਖਾਈ ਦਿੱਤੇ। ਜਿਹਨਾ ਨੂੰ ਰੋਕ ਕੇ ਚੈੱਕ ਕਰਨ ਤੇ ਨਾਮ ਪਤਾ ਪੁੱਛਿਆ ਤਾਂ ਮੋਟਰ ਸਾਈਕਲ ਸਪਲੈਂਡਰ ਪਲੱਸ ਨੰਬਰ PB-10-HE-7577 ਦੇ ਚਾਲਕ ਨੇ ਆਪਣਾ ਨਾਮ ਸਤਨਾਮ ਸਿੰਘ ਉਰਫ ਸੱਤੂ ਪੁੱਤਰ ਗੁਰਮੇਲ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਕਾਉਕੇ ਕਲੋਨੀ, ਪਿੰਡ ਕਾਉਕੇ ਕਲਾਂ ਤੇ ਪਿਛੇ ਬੈਠੇ ਵਿਅਕਤੀ ਨੇ ਆਪਣਾ ਨਾਮ ਧਰਮਪ੍ਰੀਤ ਸਿੰਘ ਉਰਫ ਠੋਲੂ ਪੁੱਤਰ ਜਗਸੀਰ ਸਿੰਘ ਵਾਸੀ ਕੋਠੇ ਹਰੀ ਸਿੰਘ ਥਾਣਾ ਸਿਟੀ ਜਗਰਾਉਂ, ਜਿਲ੍ਹਾ ਲੁਧਿਆਣਾ ਦੱਸਿਆ ਅਤੇ ਦੂਸਰੇ ਮੋਟਰ ਸਾਈਕਲ ਨੰਬਰ PB-10-EU-6830 ਪਰ ਸਵਾਰ ਨੇ ਆਪਣਾ ਨਾਮ ਦਿਲਪ੍ਰੀਤ ਸਿੰਘ ਉਰਫ ਸੰਜੂ ਪੁੱਤਰ ਅਵਤਾਰ ਸਿੰਘ ਵਾਸੀ ਕਾਉਕੇ ਕਲੋਨੀ, ਪਿੰਡ ਕਾਉਕੇ ਕਲਾਂ ਦੱਸਿਆ।ਜਿਹਨਾ ਪਾਸੋਂ ਸਖਤੀ ਨਾਲ ਪੁੱਛ ਗਿੱਛ ਕਰਨ ਤੇ ਇਹਨਾ ਵਿਅਕਤੀਆ ਨੇ ਦੱਸਿਆ ਕਿ ਅਸੀਂ ਇਹ ਮੋਟਰ ਸਾਈਕਲ ਜਗਰਾਉਂ ਸਹਿਰ ਵਿੱਚੋਂ ਚੋਰੀ ਕਰਕੇ ਲੁਧਿਆਣਾ ਸਹਿਰ ਵਿੱਚ ਵੇਚਣ ਲਈ ਜਾ ਰਹੇ ਸੀ। ਜਿਹਨਾ ਨੂੰ ਮੁਕੱਦਮਾ ਵਿੱਚ ਹਸਬ ਜਾਬਤਾ ਗ੍ਰਿਫਤਾਰ ਕਰਨ ਉਪਰੰਤ ਦਿਲਪ੍ਰੀਤ ਸਿੰਘ ਉਰਫ ਸੰਜੂ ਅਤੇ ਸਤਨਾਮ ਸਿੰਘ ਉਰਫ ਸੱਤੂ ਨੂੰ ਹੋਰ ਸਖਤੀ ਨਾਲ ਪੁੱਛ ਗਿੱਛ ਕਰਨ ਤੇ ਚੌਕੀ ਇੰਚਾਰਜ ਏ.ਐਸ.ਆਈ. ਸੁਖਮੰਦਰ ਸਿੰਘ ਪਾਸ ਇੰਕਸਾਫ ਕੀਤਾ ਕਿ, ਉਹਨਾ ਵੱਲੋਂ ਹੋਰ ਚੋਰੀ ਕੀਤੇ 08 ਮੋਟਰ ਸਾਈਕਲ ਜੀ.ਟੀ. ਰੋਡ ਅੱਡਾ ਸੋਹੀਆ ਨੇੜੇ ਬੀਆ ਬਾਨ ਦਰੱਖਤਾ ਦੇ ਝੁੰਢ ਵਿੱਚ ਲੁਕਾ ਛੁਪਾ ਕੇ ਰੱਖੇ ਹੋਏ ਹਨ। ਜੋ ਇਹਨਾ ਦੀ ਨਿਸ਼ਾਨ ਦੇਹੀ ਤੇ 7 ਸਪਲੈਂਡਰ ਅਤੇ ਇੱਕ ਬਜਾਜ CT-100 ਮੋਟਰ ਸਾਈਕਲ ਮੁੱਕਦਮਾ ਹਜਾ ਵਿੱਚ ਬਰਾਮਦ ਕੀਤੇ ਗਏ।ਜੋ ਸਾਰੇ ਬ੍ਰਾਮਦਸੁਦਾ ਮੋਟਰ ਸਾਈਕਲ ਕਾਲੇ ਰੰਗ ਦੇ ਹਨ। ਇਸ ਤੋਂ ਇਲਾਵਾ ਦੋਸੀਆਨ ਵੱਲੋਂ ਕਾਰ ਸਵਿਫਟ ਨੰਬਰ PB-10-DQ-4224 ਨੂੰ ਚੋਰੀ ਕਰਨਾ ਵੀ ਮੰਨਿਆਂ ਗਿਆ। ਜਿਸ ਸਬੰਧੀ ਪਹਿਲਾ ਹੀ ਥਾਣਾ ਸਿਟੀ ਜਗਰਾਉਂ ਵਿੱਚ ਮੁਕੱਦਮਾ ਨੰਬਰ 107 ਮਿਤੀ 14.06.23 ਅ/ਧ 379 ਭ/ਦ ਥਾਣਾ ਸਿਟੀ ਜਗਰਾਉਂ ਦਰਜ ਰਜਿਸਟਰ ਹੈ।ਜੋ ਵੀ ਬ੍ਰਾਮਦ ਕੀਤੀ ਜਾ ਚੁੱਕੀ ਹੈ।ਦੋਸੀਆਨ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਨ ਉਪਰੰਤ ਹੋਰ ਪੁੱਛ ਗਿੱਛ ਕੀਤੀ ਜਾਵੇਗੀ।ਜਿਹਨਾ ਪਾਸੋਂ ਹੋਰ ਮੋਟਰ ਸਾਈਕਲ ਬ੍ਰਾਮਦ ਹੋਣ ਦੀ ਸੰਭਾਵਨਾ ਹੈ।ਬਰਾਦਮਾ ਮੋਟਰ ਸਾਈਕਲਾ ਦੇ ਇੰਜਨ ਨੰਬਰ ਅਤੇ ਚੈਸੀ ਨੰਬਰ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰਬਰ | ਮੋਟਰ ਸਾਈਕਲ ਦਾ ਮਾਰਕਾ ਤੇ ਨੰਬਰ | ਚੈਸੀ ਨੰਬਰ | ਇੰਜਨ ਨੰਬਰ |
|---|---|---|---|
| 1. | ਪਲੱਸ ਬਿਨ੍ਹਾ ਨੰਬਰੀ | MBLHAW09XKHA63194 | HA10AGKHAA9738 |
| 2. | ਸਪਲੈਂਡਰ ਪਲੱਸ ਬਿਨ੍ਹਾ ਨੰਬਰੀ | MBLHAR087HHH02116 | HA10AGHHHA1728 |
| 3. | ਬਜਾਜ CT-100 ਬਿਨ੍ਹਾ ਨੰਬਰ | MD2A1BAZIFPC11590 | DUZPFC11669, |
| 4. | ਸਪਲੈਂਡਰ ਪਰੋ | MBLHA10A3EHC27048 | ਇੰਜਨ ਨੰਬਰ ਮਿਟਾਇਆ ਹੋਇਆ। |
| 5. | ਪਲੱਸ ਬਿਨ੍ਹਾ ਨੰਬਰੀ | MBLHA10AMFYA10239 | HA10EJF4A06865, |
| 6. | ਸਪਲੈਂਡਰ ਪਲੱਸ ਨੰਬਰੀ PB-10-HE-7577 | MBLHAW118LHJ53967 | HA11EUIHJ02360 |
| 7. | ਸਪਲੈਂਡਰ ਪਲੱਸ ਬਿਨ੍ਹਾ ਨੰਬਰੀ | MBLHAR083J4J07550 | HA10AGJ4J15106 |
| 8. | ਸਪਲੈਂਡਰ ਪਲੱਸ ਨੰਬਰੀ PB-10-EU-6630 | MBLHA10AMEHC18560 | HA10EJEHC37340 |
| 9. | ਸਪਲੈਂਡਰ ਪਲੱਸ ਬਿਨ੍ਹਾ ਨੰਬਰੀ | MBLHA10AMEH820847 | HA10EJEHB07715 |
| 10. | ਸਪਲੈਂਡਰ ਪਲੱਸ ਨੰਬਰੀ PB-10-FZ-5401 | MBLHA10CGGHF47418 | HA10ERGHF46305 |